**ਪੰਜਾਬ ਸਰਕਾਰ**

**ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ**

**(ਮਾਲ ਅਮਲਾ-1 ਸ਼ਾਖਾ)**

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ।

2. ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ।

ਮੀਮੋ ਨੰ: 1/12/22-ਮਅ-1(1)/
ਚੰਡੀਗੜ੍ਹ,

ਵਿਸ਼ਾ: **ਰਜਿਸਟਰ ਬੀ-2 ਵਿੱਚ ਤਹਿਸੀਲਦਾਰ ਉਮੀਦਵਾਰਾਂ ਦੀ ਨਿਯੁਕਤੀ ਕਰਨ ਬਾਰੇ।**

********

ਪੰਜਾਬ ਤਹਿਸੀਲਦਾਰ (ਗੁਰੱਪ ਬੀ) ਸੇਵਾ ਨਿਯਮ 2019 ਦੇ ਨਿਯਮ 6 ਦੇ ਅਪੈਡਿਕਸ ਬੀ ਅਨੁਸਾਰ ਤਹਿਸੀਲਦਾਰਾਂ ਦੀਆਂ ਪੰਜ (5) ਆਸਾਮੀਆਂ, ਹੇਠ ਲਿਖੀਆਂ ਕੈਟਾਗਰੀਜ ਵਿਚੋਂ ਭਰਨ ਦੀ ਤਜਵੀਜ਼ ਹੈ:-

(ੳ) ਸੁਪਰਡੰਟ ਗਰੇਡ-2 (ਮਾਲ ਤੇ ਨਿਆਂ), ਮੰਡਲਾਂ ਦੇ ਕਮਿਸ਼ਨਰਾਂ ਦੇ ਦਫਤਰ ਵਿਚ ।

(ਅ) ਸੁਪਰਡੰਟ ਗਰੇਡ-2 (ਮਾਲ ਤੇ ਰਿਕਾਰਡ), ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੇ ਦਫਤਰ ਵਿਚ ।

(ੲ) ਸੀਨੀਅਰ ਸਹਾਇਕ (ਜੁਡੀਸ਼ੀਅਲ), ਵਿੱਤੀ ਕਮਿਸਨਰਜ਼ ਸਕੱਤਰੇਤ, ਪੰਜਾਬ।

2. ਪੰਜਾਬ ਤਹਿਸੀਲਦਾਰ (ਗੁਰੱਪ ਬੀ) ਸੇਵਾ ਨਿਯਮ 2019 ਦੇ ਨਿਯਮ 6 ਦੇ ਅਪੈਡਿਕਸ ਬੀ ਦਾ ਉਪਰੇਟਿਵ ਪਾਰਟ ਹੇਠ ਲਿਖੇ ਅਨੁਸਾਰ ਹੈ:-

(a) XXX XXX XXX

(b) Twenty percent from amongst the persons working on the following posts in the Department of Revene and Rehabilitation whose names are borne on Register B-II-

(i) Superintendents Grade-II (Revenue and Judicial), Commissioners' offices, having an experience of working for a minimum period of four years;

(ii) Superintendents Grade-II (Revenue and Records) Deputy Commissioners; offices, having an experience of working for a minimum period of four years; and

(iii) Senior Assistant (Judicial) of the Financial Commissioner's Secretariat having a total experience of six years as Senior Assistant/Senior Assistant (Judicial); out of which should have worked for a minimum period of two years as Senior Assistant (Judicial).

3. ਉਪਰੋਕਤ ਨਿਯਮਾਂ ਅਨੁਸਾਰ ਜੋ ਉਮੀਦਵਾਰ ਯੋਗਤਾ/ਤਜਰਬਾ ਪੂਰਾ ਕਰਦੇ ਹੋਣ ਉਨ੍ਹਾਂ ਦੇ ਨਾਮਾਂ (Names) ਦੀ ਸਿਫਾਰਸ਼ ਕਰਕੇ ਭੇਜੀ ਜਾਵੇ।

4. ਢੁੱਕਵੀ ਸਿਫਾਰਸ਼ ਨਿਰਧਾਰਤ ਪ੍ਰੋਫਾਰਮੇ ਵਿੱਚ ਪੂਰੇ ਰਿਕਾਰਡ, ਸ਼ੋਹਰਤ ਸਬੰਧੀ ਸਰਟੀਫਿਕੇਟ, ਮੁਕੰਮਲ ਸੇਵਾ ਪੱਤਰੀ ਅਤੇ ਪਿਛਲੇ ਪੰਜ ਸਾਲਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਦੀ ਮਿਸਲ (ਤਸਦੀਕਸ਼ੁਦਾ ਸਾਰ ਸਹਿਤ) ਮਿਤੀ: 20.06.2022 ਤੱਕ

PLRS Dy. No. 267 PM
Date 25/5/22

ਹਰ ਹਾਲਤ ਵਿਚ ਮਾਲ ਅਮਲਾ-1 ਸਾਖਾ ਨੂੰ ਭੇਜੀ ਜਾਵੇ। ਉਮੀਦਵਾਰ ਬਾਰੇ ਅਨੁਸਾਸਨੀ ਕਾਰਵਾਈ ਦੇ ਕੇਸ/ਪੁਲਿਸ/ਚੌਕਸੀ/ਅਦਾਲਤੀ ਕੇਸ ਜਾਂ ਪੜਤਾਲਾਂ, ਜੋ ਲੰਬਿਤ ਹੋਣ ਜਾਂ ਕੋਈ ਪ੍ਰਭਾਵਿਤ ਸਜਾ ਹੋਵੇ, ਬਾਰੇ ਪੂਰੇ ਵੇਰਵੇ ਭੇਜੇ ਜਾਣ।

5. ਜੇਕਰ ਆਪ ਦੇ ਮੰਡਲ/ਜਿਲ੍ਹੇ/ਦਫਤਰ ਵਿਚ ਤਹਿਸੀਲਦਾਰ ਦੀ ਆਸਾਮੀ ਲਈ ਯੋਗ ਉਮੀਦਵਾਰ ਹੋਵੇ ਪਰ ਆਪ ਵਲੋਂ ਉਸ ਦੇ ਨਾਮ ਦੀ ਸਿਫਾਰਸ਼ ਨਹੀਂ ਕੀਤੀ ਜਾ ਰਹੀ ਹੈ ਤਾਂ ਉਸ ਦੇ ਕਾਰਣ ਵੀ ਸਪਸ਼ਟ ਤੌਰ ਤੇ ਦਰਜ ਕਰਦੇ ਹੋਏ, ਉਸ ਦਾ ਮੁਕੰਮਲ ਰਿਕਾਰਡ ਵੀ ਭੇਜਿਆ ਜਾਵੇ।

ਸੁਪਰਡੰਟ ਗਰੇਡ-1

ਉਤਾਰਾ ਉਪ ਸਕੱਤਰ ਮਾਲ (ਪ੍ਰਸ਼ਾਸ਼ਨ), ਵਿੱਤੀ ਕਮਿਸ਼ਨਰਜ ਸਕੱਤਰੇਤ, ਪੰਜਾਬ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਤੀ ਕਮਿਸਨਰ ਸਕੱਤਰੇਤ ਵਿੱਚ ਕੰਮ ਕਰ ਰਹੇ ਸੀਨੀਅਰ ਸਹਾਇਕ/ਸੀਨੀਅਰ ਸਹਾਇਕ (ਜੁਡੀਸ਼ੀਅਲ) ਵਿਚੋਂ ਉਪਰੋਕਤ ਦਰਸਾਏ ਰੂਲਾਂ ਅਨੁਸਾਰ, ਯੋਗ ਉਮੀਦਵਾਰਾਂ ਦੇ ਨਾਮ ਪ੍ਰੋਫਾਰਮੇਂ ਵਿੱਚ ਸਬੰਧਤ ਰਿਕਾਰਡ ਸਹਿਤ ਮਿਤੀ 20.06.2022 ਤੱਕ ਹਰ ਹਾਲ ਵਿੱਚ ਭੇਜਣ ਦੀ ਖੇਚਲ ਕਰਨ।

ਸੁਪਰਡੰਟ ਗਰੇਡ-1

ਸੇਵਾ ਵਿਖੇ,

ਉਪ ਸਕੱਤਰ ਮਾਲ (ਪ੍ਰਸ਼ਾਸ਼ਨ)
ਵਿੱਤੀ ਕਮਿਸ਼ਨਰਜ, ਸਕੱਤਰੇਤ, ਪੰਜਾਬ।

ਅੰ. ਵਿ. ਪੱ. ਨੰ: 1/12/22-ਮਅ-1(1)/ ਚੰਡੀਗੜ੍ਹ, ਮਿਤੀ:

ਪਿੱ. ਅੰ. ਨੰ: 1/12/22-ਮਅ-1(1)/ 4549 ਚੰਡੀਗੜ੍ਹ, ਮਿਤੀ: 20/5/22

ਇਸ ਦਾ ਇਕ ਉਤਾਰਾ ਪ੍ਰੋਜੈਕਟ ਮੈਨੇਜਰ, ਪੀ. ਐਲ.ਆਰ.ਐਸ., ਮਾਲ ਵਿਭਾਗ ਦੀ ਵੈਬ ਸਾਇਟ ਤੇ ਅਪਲੋਡ ਕਰਨ ਹਿੱਤ।

ਸੁਪਰਡੰਟ ਗਰੇਡ-1

ਪ੍ਰੋਫਾਰਮਾਂ

1. ਕਰਮਚਾਰੀ ਦਾ ਨਾਮ :...........................................
2. ਘਰੇਲੂ ਜਿਲ੍ਹਾ :...........................................
3. ਨਿਯੁਕਤੀ ਦੀ ਮਿਤੀ ਬਤੌਰ :-
   (i) ਸੁਪਰਡੰਟ ਗਰੇਡ-2 (ਮਾਲ ਤੇ ਜੁਡੀਸ਼ੀਅਲ) :...........................................
   (ii) ਸੁਪਰਡੰਟ ਗਰੇਡ-2 (ਮਾਲ ਤੇ ਰਿਕਾਰਡ) :...........................................
   (iii) ਸੀਨੀਅਰ ਸਹਾਇਕ ਅਤੇ :...........................................
   ਸੀਨੀਅਰ ਸਹਾਇਕ (ਜੁਡੀਸ਼ੀਅਲ) :...........................................
4. ਕੈਟਾਗਰੀ (ਅਨੁਸੂਚਿਤ ਜਾਤੀ/ਪਛੜੀ ਸ੍ਰੇਣੀ/ ਜਨਰਲ ਕੈਟਾਗਰੀ/ਅਪੰਗ) :...........................................
5. ਸਰਕਾਰੀ ਨੌਕਰੀ ਵਿਚ ਰੈਗੂਲਰ ਤੌਰ ਤੇ ਭਰਤੀ ਹੋਣ ਦੀ ਮਿਤੀ ਅਤੇ ਅਹੁੱਦਾ :...........................................
6. ਮੌਜੂਦਾ ਆਸਾਮੀ ਤੇ ਰੈਗੂਲਰ ਤਰੱਕੀ ਦੀ ਮਿਤੀ :...........................................
7. ਕੁੱਲ ਤਜਰਬਾ ਰੈਗੂਲਰ ਤਰੱਕੀ ਦੀ ਮਿਤੀ ਤੋਂ
   (i) ਬਤੌਰ ਸੁਪਰਡੰਟ ਗਰੇਡ-2 (ਮਾਲ ਤੇ ਜੁਡੀਸ਼ੀਅਲ) :...........................................
   (ii) ਬਤੌਰ ਸੁਪਰਡੰਟ ਗਰੇਡ-2 (ਮਾਲ ਤੇ ਰਿਕਾਰਡ) :...........................................
   (iii) ਬਤੌਰ ਸੀਨੀਅਰ ਸਹਾਇਕ ਅਤੇ :...........................................
   ਸੀਨੀਅਰ ਸਹਾਇਕ(ਜੁਡੀਸ਼ੀਅਲ) :...........................................
8. ਲੰਬਿਤ ਵਿਭਾਗੀ/ਚੌਕਸੀ/ਵਿਜੀਲੈਂਸ/ਪੁਲਿਸ ਕੇਸਾਂ/ ਪੜਤਾਲਾਂ ਦਾ ਵੇਰਵਾ (ਪੂਰਾ ਵੇਰਵਾ ਅਧੀਨ ਨਿਯਮ-8 ਜਾਂ 10 ਬਾਰੇ ਸਪਸ਼ਟ ਦੱਸਦੇ ਹੋਏ, ਤਾਜਾ ਸਥਿਤੀ ਵੀ ਦੱਸੀ ਜਾਵੇ) :...........................................
9. ਸਾਲਾਨਾ ਗੁਪਤ ਰਿਪੋਰਟਾਂ ਦਾ ਸਾਰ :...........................................
   (ਸਾਰ ਸਾਫ-ਸਾਫ ਟਾਈਪ ਕੀਤਾ ਅਤੇ ਘੱਟੋ-ਘੱਟ ਸੁਪਰਡੰਟ ਵੱਲੋਂ ਤਸਦੀਕ ਕੀਤਾ ਹੋਵੇ ਅਤੇ ਸਾਰ ਅੰਕਿਤ ਕਰਦੇ ਸਮੇਂ ਸਾਲ ਦੇ ਨਾਲ-ਨਾਲ ਸਮਾਂ ਵੀ ਦਰਜ਼ ਕੀਤਾ ਜਾਵੇ। (ਮੂਲ ਰੂਪ ਵਿਚ ਮਿਸਲ ਸ਼ਾਮਲ ਵੀ ਕੀਤੀ ਜਾਵੇ)
10. ਪਦਉਨਤ ਕਰਨ ਲਈ ਸਪੱਸ਼ਟ ਸਿਫਾਰਸ਼ :...........................................
11. ਕਿਸੇ ਕਰਮਚਾਰੀ ਨਾਲ ਸੀਨੀਆਰਤਾ ਦਾ ਝਗੜਾ ਤਾਂ ਨਹੀਂ ਹੈ? :...........................................
12. ਇੰਟੈਗਰਿਟੀ ਸਰਟੀਫਿਕੇਟ :...........................................
   (ਹਰੇਕ ਕਰਮਚਾਰੀ ਦਾ ਵੱਖਰੇ-ਵੱਖਰੇ ਤੌਰ ਤੇ ਲਗਾਇਆ ਜਾਵੇ)

ਸਥਾਨ:

ਮਿਤੀ:

ਸਮਰੱਥ ਅਧਿਕਾਰੀ ਦੇ ਹਸਤਾਖਰ